**CLASS : 12th** (Sr. Secondary)

**Series : SS/Annual-2023**

# Code No. 232

ਰੋਲ ਨੰ. | | | | | | | | | | |

***SET : A***

# ਪੰਜਾਬੀ

## PUNJABI

### *ACADEMIC/OPEN*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸੁਹਣੀ ਨੇ ਅਸਮਾਨ ਖੜੋਕੇ ਧਰਤੀ ਵਲ ਤਕਾ ਕੇ,

ਇਹ ਮੁੱਠੀ ਖੁਹਲੀ ਤੇ ਸੁੱਟਿਆ ਸਭ ਕੁਛ ਹੇਠ ਤਕਾ ਕੇ।

ਜਿਸ ਥਾਂਵੇ ਧਰਤੀ ਤੇ ਆਕੇ ਇਹ ਮੁੱਠ ਡਿੱਗੀ ਸਾਰੇ

ਉਸ ਥਾਉਂ 'ਕਸ਼ਮੀਰ' ਬਣ ਗਿਆ ਟੁਕੜੀ ਜੱਗ ਤੋਂ ਨਯਾਰੀ

(ਅ) ਮੇਰੀ ਕਲਮ ਨੂੰ, ਹੇ ਊਸ਼ੇ, ਕੋਈ ਨਵੀਂ ਸਵੇਰ ਦੇ !

ਮੇਰੇ ਖਿਆਲ ਜ਼ਰੇ ਜ਼ਰੇ ਤੇ ਕਦੀ ਖਲੇਰ ਦੇ !

ਹੇ ਵਿਸ਼ਵ ਜੋਤ ਦੇ ਖਿਲਾਰ,

ਮੇਟ ਮੇਰੇ ਅੰਧਕਾਰ !

ਹੇ ਉਸ਼ਾ, ਹੇ ਇਨਕਲਾਬ-ਕਾਰ ਬਦਲੀਆ ਦੀਮਾਂ,

ਮੈ ਫੇਰ ਦੇਵਤਾ ਬਣਾ !

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਜਾਇਦਾਦ

(ਅ) ਲੂਣਾ

(ੲ) ਚਿੜੀਆਂ ਦਾ ਚੰਬਾ



www.mseducationtv.com

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਖੂਹ ਉੱਤੇ' ਕਵਿਤਾ ਦਾ ਵਿਸ਼ਾ ਕੀ ਹੈ? 2

(ਅ) ਸੰਦ ਤੇ ਹਥਿਆਰ ਵਿਚ ਕੀ ਫ਼ਰਕ ਹੈ? 2

(ੲ) 'ਹਵਾ ਦਾ ਜੀਵਨ' ਕਵਿਤਾ ਕਿਸ ਕਵੀ ਦੀ ਹੈ? 1

(i) ਪ੍ਰੋ. ਪੂਰਨ ਸਿੰਘ

(ii) ਭਾਈ ਵੀਰ ਸਿੰਘ

(iii) ਮੋਹਨ ਸਿੰਘ

(iv) ਅੰਮ੍ਰਿਤਾ ਪ੍ਰੀਤਮ

(ਸ) ਧਨੀ ਰਾਮ ਚਾਤ੍ਰਿਕ ਦੀ ਲਿਖੀ ਕਵਿਤਾ ਕਿਹੜੀ ਹੈ? 1

(i) ਲੂਣਾ

(ii) ਜਾਇਦਾਦ

(iii) ਰਾਧਾ ਸੰਦੇਸ਼

(iv) ਜੰਗਲ ਦੇ ਵਿਚ ਰਾਤ ਪਈ ਹੈ

**4.** ਹੇਠ ਲਿਖੇ ਵਾਰਤਕ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾ ਵਿਚ ਲਿਖੋ : 7

(ੳ) ਮਲਕ ਭਾਗੋ ਤੇ ਭਾਈ ਲਾਲੋ

(ਅ) ਸਾਡੇ ਲੋਕ ਗੀਤ

(ੲ) ਸੁਇਟਜ਼ਰਲੈਂਡ ਦੀ ਯਾਤਰਾ



www.mseducationtv.com

**5.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) 'ਸ਼ੀਸ਼ੇ ਸਾਹਮਣੇ' ਲੇਖ ਦੇ ਲੇਖਕ ਦੇ ਕੀ-ਕੀ ਸ਼ੁਗਲ ਹਨ? 3

(ਅ) ਬੀਬੀ ਭਾਨੀ ਤੇ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਸੀ? 2

(ੲ) ਵੈਦਰ ਕਰਾਫਟ ਨੇ ਆਤਮਘਾਤ ਕਿਉਂ ਕੀਤਾ ਸੀ? 2

(ਸ) 'ਸਭਿਅਤਾ ਦੇ ਦੋ ਪੱਧਰ' ਲੇਖ ਕਿਸ ਦੀ ਰਚਨਾ ਹੈ? 1

(i) ਪ੍ਰੋ. ਪੂਰਨ ਸਿੰਘ

(ii) ਪ੍ਰਿ. ਤੇਜਾ ਸਿੰਘ

(iii) ਭਾਈ ਮੋਹਨ ਸਿੰਘ ਵੈਦ

(iv) ਗੁਰਬਖ਼ਸ਼ ਸਿੰਘ ਪ੍ਰੀਤਲੜੀ

**6.** 'ਸ਼ੋਭਾ-ਸ਼ਕਤੀ' ਨਾਟਕ ਦਾ ਵਿਸ਼ਾ ਲਿਖੋ। 7

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦਾ ਸਿਰਲੇਖ ਢੁਕਵਾਂ ਹੈ ਜਾਂ ਨਹੀਂ ਸਪਸ਼ਟ ਕਰੋ?

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) ਸ਼ੋਭਾ ਤੇ ਰਮੇਸ਼ ਦਾ ਤਲਾਕ ਕਿਉਂ ਹੋ ਜਾਂਦਾ ਹੈ? 3

(ਅ) 'ਸ਼ੋਭਾ-ਸ਼ਕਤੀ' ਨਾਟਕ ਵਿਚ ਸ਼ੋਭਾ ਕਿਸ-ਕਿਸ ਰੂਪ ਵਿਚ ਪੇਸ਼ ਹੋਈ ਹੈ? 2

(ੲ) ਸ਼ੋਭਾ ਘਰ ਛੱਡ ਕੇ ਕਿਥੇ ਚਲੀ ਜਾਂਦੀ ਹੈ? 2



www.mseducationtv.com

(ਸ) ਦੀਨ ਦਿਆਲ ਕਪੂਰ ਦੀ ਪਤਨੀ ਦਾ ਨਾਂ ਕੀ ਹੈ? 1

(i) ਸਾਂਤੀ ਦੇਵੀ (ii) ਸ਼ੋਭਾ

(iii) ਲੀਲਾ (iv) ਰੇਖਾ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਸ੍ਰੀ. ਗੁਰੂ ਨਾਨਕ ਦੇਵ ਜੀ

(ਅ) ਵਾਰਸ ਸ਼ਾਹ

**9.** ਹੇਠ ਲਿਖੇ ਪ੍ਰਸ਼ਨਾ ਦੇ ਸਹੀ ਉੱਤਰ ਚੁਣੋ :

(i) ਖੁਲ੍ਹੀ ਕਵਿਤਾ ਲਿਖਣ ਦੀ ਪਿਰਤ ਕਿਸ ਨੇ ਜਾਈ? 1

(ੳ) ਸ਼ਿਵ ਕੁਮਾਰ ਬਟਾਲਵੀ (ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਮੋਹਨ ਸਿੰਘ (ਸ) ਭਾਈ ਵੀਰ ਸਿੰਘ

(ii) 'ਕਾਗਜ਼ ਤੇ ਕੈਨਵਸ' ਕਾਵਿ-ਸੰਗ੍ਰਹਿ ਕਿਸ ਦਾ ਹੈ? 1

(ੳ) ਡਾ੦ ਹਰਿਭਜਨ ਸਿੰਘ

(ਅ) ਬਾਵਾ ਬਲਵੰਤ

(ੲ) ਅੰਮ੍ਰਿਤਾ ਪ੍ਰੀਤਮ

(ਸ) ਭਾਈ ਵੀਰ ਸਿੰਘ



www.mseducationtv.com

(iii) 'ਲੂਣਾ' ਮਹਾਂਕਾਵਿ ਕਿਸ ਦਾ ਹੈ? 1

(ੳ) ਸ਼ਿਵਕੁਮਾਰ ਬਟਾਲਵੀ

(ਅ) ਸੁਰਜੀਤ ਪਾਤਰ

(ੲ) ਧਨੀ ਰਾਮ ਚਾਤ੍ਰਿਕ

(ਸ) ਪ੍ਰੋ. ਪੂਰਨ ਸਿੰਘ

**10.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਕਰਕੇ ਲਿਖੋ : $1 \times 10 = 10$

(ੳ) ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਕਿਸ ਖੇਤਰ ਵਿਚ ਪ੍ਰਸਿੱਧੀ ਮਿਲੀ?

(ਅ) 'ਆਰਸੀ' ਸਵੈਜੀਵਨੀ ਕਿਸ ਦੀ ਹੈ?

(ੲ) ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ?

(ਸ) ਨਿੱਕੀਆਂ ਕਵਿਤਾਵਾਂ ਦਾ ਵਡਾ ਕਵੀ ਕਿਸਨੂੰ ਕਿਹਾ ਜਾਂਦਾ ਹੈ?

(ਹ) ਪ੍ਰਿ. ਤੇਜਾ ਸਿੰਘ ਦਾ ਜਨਮ ਕਦੋਂ ਹੋਇਆ?

(ਕ) ਸੂਫ਼ੀ ਕਾਵਿ ਦਾ ਮੋਢੀ ਕਵੀ ਕੌਣ ਹੈ?

(ਖ) ਸ਼ਾਹ ਮੁਹੰਮਦ ਨੇ ਕਿਹੜਾ ਜੰਗਨਾਮਾ ਲਿਖਿਆ?

(ਗ) ਆਈ. ਸੀ. ਨੰਦਾ ਨੂੰ ਕਿਸ ਖੇਤਰ ਵਿਚ ਪ੍ਰਸਿੱਧੀ ਮਿਲੀ?

(ਘ) ਬਲਵੰਤ ਗਾਰਗੀ ਦਾ ਦੇਹਾਂਤ ਕਦੋਂ ਹੋਇਆ?

(ਙ) 'ਗੁਲਬਾਨੋ' ਕਹਾਣੀ-ਸੰਗ੍ਰਹਿ ਕਿਸ ਦਾ ਹੈ?



www.mseducationtv.com

**11.** ਹੇਠ ਲਿਖਿਆਂ ਸਿੱਖਿਆਵਾਂ ਵਿਚੋਂ ਕਿਸੇ ***ਇਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਅੰਤ ਭਲੇ ਦਾ ਭਲਾ

(ਅ) ਈਮਾਨਦਾਰੀ ਚੰਗੀ ਨੀਤੀ ਹੈ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਖੇਡਾਂ ਦਾ ਵਿਦਿਆਰਥੀਆਂ ਦੇ ਜੀਵਨ ਵਿਚ ਇਕ ਵੱਡਾ ਯੋਗਦਾਨ ਹੈ। ਇਹ ਉਨ੍ਹਾਂ ਦੀ ਸ਼ਖਸੀਅਤ ਉਸ਼ਾਰੀ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਵਿਦਵਾਨਾਂ ਦਾ ਮੱਤ ਹੈ ਕਿ ਜਿਸ ਤਰ੍ਹਾਂ ਬੂਟੇ ਦੇ ਵੱਧਣ-ਫੁੱਲਣ ਲਈ ਹਵਾ, ਪਾਣੀ, ਧੁੱਪ ਦੀ ਜ਼ਰੂਰਤ ਹੈ। ਉਸੇ ਤਰ੍ਹਾਂ ਵਿਦਿਆਰਥੀ ਵਾਸਤੇ ਖੇਡਾਂ ਖੇਡਣੀਆਂ ਜ਼ਰੂਰੀ ਹਨ। ਵਿਦਿਆ ਦਾ ਮੰਤਵ ਕੇਵਲ ਡਿਗਰੀਆਂ ਪ੍ਰਦਾਨ ਕਰਨਾ ਹੀ ਨਹੀਂ ਸਗੋਂ ਵਿਦਿਆਰਥੀਆਂ ਨੂੰ ਇਸ ਯੋਗ ਬਣਾਉਣਾ ਹੈ ਕਿ ਉਹ ਸ਼ਰੀਰਕ, ਮਾਨਸਿਕ ਪੱਖੋ ਵੀ ਤਕੜੇ ਹੋ ਸਕਣ। ਇਸ ਲਈ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਜ਼ਰੂਰੀ ਹਨ।



www.mseducationtv.com

**CLASS : 12th** (Sr. Secondary) **Code No. 232**

**Series : SS/Annual-2023**

ਰੋਲ ਨੰ. | | | | | | | | | | |

***SET : B***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸਾਵੇ ਸਾਵੇ ਘਾਹ ਉੱਤੇ,

ਗਊਆਂ ਤੇ ਮੱਝੀਆਂ ਦਾ ਚਰਨਾ।

ਸਿਰ ਆਪਣੇ ਨੀਵੇਂ ਕੀਤੇ,

ਪਸ਼ੂਆਂ ਦਾ ਚੁੱਪ ਚੁਪੀਤੇ,

ਚੁਗਣਾ ਤੇ ਰੱਜਣਾ ਤੇ ਨੱਸਣਾ।

ਦੇਖ-ਦੇਖ ਮੁੜ-ਮੁੜ ਲੋਚਾ,

ਮੈ ਮੁੜ ਪਸ਼ੂ ਥੀਣ ਨੂੰ

ਆਦਮੀ ਬਣ-ਬਣ ਥੱਕਿਆ।

(ਅ) ਖ਼ਤ ਆਵੇਗਾ ਰਾਤ ਬਰਾਤੇ

ਖ਼ਤ ਆਵੇਗਾ ਅੰਮੀ ਦਾ

ਪੁੱਤਰ; ਇਉਂ ਨਹੀਂ ਭੁੱਲ ਜਾਈਦਾ

ਜਿਹੜੀ ਕੁੱਖੋਂ ਜੰਮੀ ਦਾ

ਖੜਾ ਖੜੋਤਾ ਹਾਲ ਤਾਂ ਪੁੱਛ ਜਾਂ

ਬੁੱਢੀ ਜਾਨ ਨਿਕੰਮੀ ਦਾ

ਉਮਰਾਂ ਵਾਂਗੂ ਅੰਤ ਵੀ ਹੁੰਦਾ

ਕਿਸੇ ਉਦਾਸੀ ਲੰਮੀ ਦਾ



www.mseducationtv.com

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਰਾਧਾ ਸੰਦੇਸ਼

(ਅ) ਅੰਨਦਾਤਾ

(ੲ) ਕੰਡਿਆਲੀ ਥੋਰ੍ਹ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਲੱਖਾਂ ਗਰੀਬ ਮਜ਼ਦੂਰਾ ਦੇ ਹੰਝੂਆਂ ਤੇ ਪਲਣ ਵਾਲਾ ਹੁਸਨ-ਹੁਸਨ ਕਿਉਂ ਨਹੀਂ? 2

(ਅ) ਜੰਗਲ ਦੇ ਵਿਚ ਰਾਤ ਪਈ ਹੈ, ਕਿਸ ਦਾ ਪ੍ਰਤੀਕ ਹੈ? 2

(ੲ) ਚਾਰ ਕਦਮ ਮੇਰੇ ਨਾਲ ਤੁਰੇ ਤੇ ਫਿਰ ਭਾਵੇਂ ਮੁੜ ਆਵੇਂ ਕਾਵਿਸਤਰ ਕਿਸ ਕਵਿਤਾ ਦੀ ਹੈ? 1

(i) ਉਸ਼ਾ

(ii) ਮੈਂ ਜਾ ਤੁਰਾ

(iii) ਰਾਧਾ ਸੰਦੇਸ਼

(iv) ਖ਼ੂਹ ਉੱਤੇ

(ਸ) 'ਟੁਕੜੀ ਜੱਗ ਤੋਂ ਨਯਾਰੀ' ਕਿਸ ਨੂੰ ਕਿਹਾ ਜਾਂਦਾ ਹੈ? 1

(i) ਕਸ਼ਮੀਰ ਨੂੰ

(ii) ਜੰਮੂ ਨੂੰ

(iii) ਲਦਾਖ ਨੂੰ

(iv) ਅਸਾਮ ਨੂੰ



www.mseducationtv.com

**4.** ਹੇਠ ਲਿਖੇ ਵਾਰਤਕ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾ ਵਿਚ ਲਿਖੋ : 7

(ੳ) ਕੌਮ ਲਈ ਕੁਰਬਾਨੀ

(ਅ) ਘਰ ਵਿਚ ਹੀ ਗੁਰਿਆਈ

(ੲ) ਸ਼ੀਸ਼ੇ ਸਾਹਮਣੇ

**5.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) ਮਲਕ ਭਾਗੋ ਤੇ ਭਾਈ ਲਾਲੋ ਲੇਖ ਦਾ ਕੀ ਉਦੇਸ਼ ਹੈ? 3

(ਅ) ਯੂਨੀਵਰਸਿਟੀ ਸ਼ਹਿਰ (ਐਨ ਆਰਬਰ) ਬਾਰੇ ਸੰਖੇਪ ਜਾਣਕਾਰੀ ਦਿਉ? 2

(ੲ) ਕਿਸ ਬੰਦੇ ਨੂੰ ਸੰਸਾਰ ਵਿਚ ਕੋਈ ਚੀਜ਼ ਭੈੜੀ ਜਾ ਕਰੂਪ ਨਹੀਂ ਲਗਦੀ? 2

(ਸ) ਬਾਬੇ ਵਰਿਆਮੇ ਦੀ ਦਿੱਬਦ੍ਰਿਸ਼ਟੀ ਲੇਖ ਕਿਸ ਲੇਖਕ ਦਾ ਹੈ? 1

**6.** 'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਲਿਖੋ? 7

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੀ ਨਾਇਕਾ ਦਾ ਪਾਤਰ ਚਿਤਰਨ ਕਰੋ।

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਨਾਟ ਦਾ ਵਿਸ਼ਾ ਲਿਖੋ। 3

(ਅ) 'ਸ਼ੋਭਾ-ਸ਼ਕਤੀ' ਨਾਟਕ ਇਸਤਰੀ ਜਾਤੀ ਨੂੰ ਕੀ ਸੁਨੇਹਾ ਦਿੰਦਾ ਹੈ? 2

(ੲ) ਸ਼ੋਭਾ ਦੇ ਮਾਤਾ-ਪਿਤਾ ਦਾ ਕੀ ਨਾਂ ਹੈ? 2



www.mseducationtv.com

(ਸ) ਨਾਟਕ ਦੇ ਕੁਲ ਕਿੰਨੇ ਨਾਟ ਹਨ? 1

(i) ਦੋ (ii) ਤਿੰਨ

(iii) ਚਾਰ (iv) ਪੰਜ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਗੁਰੂ ਅਰਜਨ ਦੇਵ ਜੀ

(ਅ) ਸ਼ਾਹ ਮੁਹੰਮਦ

**9.** ਹੇਠ ਲਿਖੇ ਪ੍ਰਸ਼ਨਾ ਦੇ ਸਹੀ ਉੱਤਰ ਚੁਣੋ :

(i) ਪ੍ਰੋ. ਮੋਹਨ ਸਿੰਘ ਦਾ ਜਨਮ ਕਦੋਂ ਹੋਇਆ? 1

(ੳ) 1905 (ਅ) 1910

(ੲ) 1912 (ਸ) 1914

(ii) 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਕਿਸ ਕਵੀ ਦੀ ਹੈ? 1

(ੳ) ਸੁਰਜੀਤ ਪਾਤਰ (ਅ) ਅੰਮ੍ਰਿਤਾ ਪ੍ਰੀਤਮ

(ੲ) ਬਾਵਾ ਬਲਵੰਤ (ਸ) ਪ੍ਰੋ ਮੋਹਨ ਸਿੰਘ



www.mseducationtv.com

(iii) ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਸਨੇ ਕੀਤੀ? 1

(ੳ) ਗੁਰੂ ਨਾਨਕ ਦੇਵ ਜੀ

(ਅ) ਗੁਰੂ ਅਮਰਦਾਸ ਜੀ

(ੲ) ਗੁਰੂ ਅਰਜਨ ਦੇਵ ਜੀ

(ਸ) ਭਾਈ ਗੁਰਦਾਸ ਜੀ

**10.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਕਰਕੇ ਲਿਖੋ : $1 \times 10 = 10$

(ੳ) ਅਜੀਤ ਕੌਰ ਦੀ ਸਵੈ ਜੀਵਨੀ ਦਾ ਨਾਂ ਕੀ ਹੈ?

(ਅ) 'ਜੰਗਨਾਮਾ ਸਿੰਘਾ ਤੇ ਫਰੰਗੀਆਂ ਦਾ ਕਿਸਦੀ ਰਚਨਾ ਹੈ?

(ੲ) ਬਾਬਾ ਫਰੀਦ ਦੇ ਕਿੰਨੇ ਸ਼ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ?

(ਸ) ਪੰਜਾਬੀ ਵਿਚ ਸਭ ਤੋਂ ਵੱਧ ਕਹਾਣੀਆਂ ਕਿਸਨੇ ਲਿਖਿਆ?

(ਹ) ਹਰਚਰਨ ਸਿੰਘ ਦਾ ਜਨਮ ਕਦੋਂ ਹੋਇਆ?

(ਕ) ਪੰਜਾਬੀ ਰੰਗਮੰਚ ਦਾ ਪਿਤਾਮਾ ਕਿਸਨੂੰ ਕਿਹਾ ਜਾਂਦਾ ਹੈ?

(ਖ) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕੌਣ ਹੈ?

(ਗ) ਗੁਰਬਖ਼ਸ਼ ਸਿੰਘ ਨੇ ਕਿਹੜਾ ਨਗਰ ਵਸਾਇਆ?

(ਘ) ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?

(ਙ) ਭਾਈ ਵੀਰ ਸਿੰਘ ਦੀ ਕਿਹੜੀ ਪੁਸਤਕ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ।



www.mseducationtv.com

**11.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਸਿਖਿਆ ਉੱਤੇ ਅਧਾਰਿਤ ਕਹਾਣੀ ਲਿਖੋ : 5

(ੳ) ਹੰਕਾਰਿਆ ਸੋ ਮਾਰਿਆ

(ਅ) ਏਕੇ ਵਿਚ ਬਰਕਤ

**12.** ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਅਨੁਸ਼ਾਸਨ ਮਨੁੱਖੀ ਜੀਵਨ ਵਿਚ ਮੱਹਤਵਪੂਰਨ ਸਥਾਨ ਰਖਦਾ ਹੈ। ਅਨੁਸ਼ਾਸਨ ਦਾ ਮਤਲਬ ਹੈ - ਨਿਯਮਾਂ ਅਤੇ ਕਾਨੂੰਨਾ ਦੀ ਪਾਲਣਾ ਕਰਨਾ। ਅਨੁਸ਼ਾਸਨ ਹਰ ਸਭਿਅਕ ਸਮਾਜ ਦੀ ਨੀਂਹ ਹੁੰਦਾ ਹੈ। ਇਹੀ ਮੱਨੁਖੀ ਸ਼ਖਸੀਅਤ ਨੂੰ ਬੁਲੰਦੀਆਂ ਦਾ ਤਾਜ ਪਹਿਨਾਉਂਦਾ ਹੈ ਤੇ ਇਸ ਦੀ ਅਣਹੋਂਦ ਉਸਨੂੰ ਮਿੱਟੀ ਵਿਚ ਮਿਲਾ ਦਿੰਦੀ ਹੈ। ਇਹ ਮੱਨੁਖੀ ਚਰਿਤਰ ਦੀ ਰੀੜ੍ਹ ਦੀ ਹੱਡੀ ਮੰਨਿਆਂ ਜਾਂਦਾ ਹੈ। ਅਨੁਸ਼ਾਸਨ ਬਿਨਾਂ ਮੱਨੁਖੀ ਜੀਵਨ ਉਸ ਬੇੜੀ ਵਾਂਗ ਹੁੰਦਾ ਹੈ ਜਿਸ ਦਾ ਕੋਈ ਮਲਾਹ ਹੀ ਨਾ ਹੋਵੇ। ਸਾਨੂੰ ਆਪਣੇ ਜੀਵਨ ਵਿਚ ਅਨੁਸ਼ਾਸਨ ਨੂੰ ਵੱਧ ਤੋਂ ਵੱਧ ਅਪਨਾਉਣਾ ਚਾਹੀਦਾ ਹੈ। ਇਹ ਇਕ ਕੀਮਤੀ ਖਜਾਨਾ ਹੈ ਜਿਸ ਦੀ ਸੰਭਾਲ ਕਰਕੇ ਅਸੀਂ ਸੁੱਖ, ਆਰਾਮ, ਖੁਸ਼ਹਾਲੀ ਤੇ ਸਨਮਾਨ ਨੂੰ ਪ੍ਰਾਪਤ ਕਰਦੇ ਹਾਂ।



www.mseducationtv.com

CLASS : 12th (Sr. Secondary) **Code No. 232**

**Series : SS/Annual-2023**

ਰੋਲ ਨੰ. | | | | | | | | | | |

***SET : C***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ ! ਉੱਗੀ ਵਿਚ ਉਜਾੜਾ,

ਜਾਂ ਉਡੱਦੀ ਬਦਲੋਟੀ ਕੋਈ ਵਰ੍ਹ ਗਈ ਵਿਚ ਪਹਾੜਾ।

ਜਾਂ ਉਹ ਦੀਵਾ ਜਿਹੜਾ ਬਲਦਾ, ਪੀਰਾਂ ਦੀ ਦੇਹਰੀ ਤੇ

ਜਾਂ ਕੋਈ ਕੋਇਲ ਕੰਠ ਜਿਦ੍ਹੇ ਦੀਆਂ, ਸੂਤੀਆਂ ਜਾਵਣ ਨਾੜਾਂ।

(ਅ) ਮੇਰੀ ਛਿਪੀ ਰਹੇ ਗੁਲਜ਼ਾਰ ਮੈ ਨੀਵਾਂ ਉੱਗਿਆ।

ਕੋਈ ਲਗੇ ਨਾ ਨਜ਼ਰ ਟਪਾਰ ਮੈਂ ਪਰਬਤ ਲੁਕਿਆ।

ਮੈਂ ਲਿਆ ਅਕਾਸ਼ੋ ਰੰਗ ਜੁ ਸ਼ੋਖ ਨ ਵੰਨ ਦਾ

ਹਾਂ ਧੁਰੋ ਗਰੀਬੀ ਮੰਗ ਮੈਂ ਆਯਾ ਜਗਤ ਤੇ।

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਤਾਜਮਹੱਲ

(ਅ) ਮੇਰਾ ਪਤਾ

(ੲ) ਜਲਕਣ



www.mseducationtv.com

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਉਧੋ ਕੌਣ ਸੀ ਅਤੇ ਉਸਨੂੰ ਕਿਸ ਕੋਲ ਭੇਜਿਆ ਗਿਆ? 2

(ਅ) 'ਦਾਗ' ਕਵਿਤਾ ਵਿਚ ਮਾਂ ਦਾ ਮੂੰਹ ਅਤੇ ਪਿਉ ਦੀ ਪਿੱਠ ਰਾਹੀਂ ਕੀ ਸੰਕੇਤ ਮਿਲਦਾ ਹੈ? 2

(ੲ) 'ਤਕ-ਤਕ ਕਸਬ ਹਨਰ ਮੁਗਲਾਂ ਦਾ ਹੈਰਤ ਵਧਦੀ ਜਾਵੇ' ਤੁਕ ਕਿਸ ਕਵਿਤਾ ਦੀ ਹੈ? 1

(i) ਤਾਜਮਹੱਲ

(ii) ਮੇਰਾ ਪਤਾ

(iii) ਦਾਗ

(iv) ਰਾਧਾ ਸੰਦੇਸ਼

(ਸ) 'ਹੁਣ ਘਰਾਂ ਨੂੰ ਪਰਤਣਾ' ਕਵਿਤਾ ਕਿਸ ਕਵੀ ਦੀ ਹੈ? 1

(i) ਅੰਮ੍ਰਿਤਾ ਪ੍ਰੀਤਮ

(ii) ਜਗਤਾਰ

(iii) ਸੁਰਜੀਤ ਪਾਤਰ

(iv) ਪ੍ਰੋ. ਪੂਰਨ ਸਿੰਘ

**4.** ਹੇਠ ਲਿਖੇ ਵਾਰਤਕ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾ ਵਿਚ ਲਿਖੋ : 7

(ੳ) ਠਾਣੇਦਾਰੀ

(ਅ) ਮਲਕ ਭਾਗੋ ਤੇ ਭਾਈ ਲਾਲੋ

(ੲ) ਪਿਆਰ



www.mseducationtv.com

**5.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) ਬੀਬੀ ਭਾਨੀ ਜੀ ਗੁਰੂ ਅਮਰਦਾਸ ਜੀ ਦੀ ਕਿਸ ਤਰਾਂ ਸੇਵਾ ਕਰਦੇ ਸਨ? 3

(ਅ) ਵੈਦਰ ਕਰਾਫਟ ਕੌਣ ਸੀ? 2

(ੲ) 'ਸਭਿਅਤਾ ਦੇ ਦੋ ਪੱਧਰ' ਲੇਖ ਵਿਚ ਜਹਾਜ ਵਿਚਲਾ ਅਫਰੀਕਨ ਨੀਗਰੋ ਕੌਣ ਸੀ? 2

(ਸ) ਸੁਇਟਜ਼ਰਲੈਂਡ ਦੀ ਪ੍ਰਸਿਧ ਝੀਲ ਦਾ ਨਾਂ ਕੀ ਸੀ? 1

(i) ਏਵੀਆਂ

(ii) ਸੁਖਨਾ

(iii) ਡਲ

(iv) ਲੇਮਾਂ

**6.** 'ਸ਼ੋਭਾ-ਸ਼ਕਤੀ' ਨਾਟਕ ਦੇ ਪਹਿਲੇ ਨਾਟ ਦਾ ਸਾਰ ਲਿਖੋ। 7

**ਜਾਂ**

ਨਾਟਕ ਦੇ ਨਾਇਕ ਦਾ ਪਾਤਰ ਚਿਤਰਣ ਕਰੋ।

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) 'ਸ਼ੋਭਾ-ਸ਼ਕਤੀ' ਨਾਟਕ ਵਿਚ ਇਸਤਰੀ ਦੀ ਕਿਹੜੀ ਇੱਛਾ ਰੂਪਮਾਨ ਹੁੰਦੀ ਹੈ? 3

(ਅ) ਸ਼ੋਭਾ ਦੇ ਨੂੰਹ-ਪੁੱਤਰ ਦਾ ਕੀ ਨਾਂ ਹੈ? 2

(ੲ) ਨਾਟਕ ਦੇ ਦੂਜੇ ਨਾਟ ਦਾ ਕੀ ਵਿਸ਼ਾ ਹੈ? 2



www.mseducationtv.com

(ਸ) ਨਾਟਕ ਕਦੋਂ ਲਿਖਿਆ ਗਿਆ? 1

(i) 1960 (ii) 1962

(iii) 1964 (iv) 1966

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਬਾਬਾ ਸ਼ੇਖ ਫਰੀਦ

(ਅ) ਬੁੱਲ੍ਹੇ ਸ਼ਾਹ

**9.** ਹੇਠ ਲਿਖੇ ਪ੍ਰਸ਼ਨਾ ਦੇ ਸਹੀ ਉੱਤਰ ਚੁਣੋ :

(i) ਅੰਮ੍ਰਿਤਾ ਪ੍ਰੀਤਮ ਦਾ ਜਨਮ ਕਦੋਂ ਹੋਇਆ? 1

(ੳ) 1912 (ਅ) 1914

(ੲ) 1917 (ਸ) 1919

(ii) ਕੁਦਰਤ ਦਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ? 1

(ੳ) ਭਾਈ ਵੀਰ ਸਿੰਘ (ਅ) ਸੁਰਜੀਤ ਪਾਤਰ

(ੲ) ਬਾਵਾ ਬਲਵੰਤ (ਸ) ਡਾ੦ ਹਰਿਭਜਨ ਸਿੰਘ



www.mseducationtv.com

(iii) ਸ਼ਿਵਕੁਮਾਰ ਬਟਾਲਵੀ ਦੇ ਗੀਤਾਂ ਦੀ ਮੂਲ ਸੁਰ ਕੀ ਹੈ? 1

(ੳ) ਬਿਰਹਾ

(ਅ) ਉਪਦੇਸ਼

(ੲ) ਵਚਨ

(ਸ) ਪ੍ਰਗਤੀਵਾਦੀ

**10.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਕਰਕੇ ਲਿਖੋ : $1 \times 10 = 10$

(ੳ) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸਨੇ ਢਾਲਿਆ?

(ਅ) ਸ਼ਾਹ ਮੁਹੰਮਦ ਕਿਸ ਕਾਵਿ-ਧਾਰਾ ਦਾ ਕਵੀ ਹੈ?

(ੲ) ਸ਼ਾਹ ਹੁਸੈਨ ਨੇ ਕਿੰਨੀਆਂ ਕਾਫੀਆਂ ਲਿਖਿਆ?

(ਸ) ਬਲਵੰਤ ਗਾਰਗੀ ਦਾ ਜਨਮ ਕਦੋਂ ਹੋਇਆ?

(ਹ) ਪ੍ਰਿ: ਤੇਜਾ ਸਿੰਘ ਨੂੰ ਕਿਸ ਖੇਤਰ ਵਿਚ ਪ੍ਰਸਿਧੀ ਮਿਲੀ?

(ਕ) 'ਪਿਆਰ ਕਬਜਾ ਨਹੀ ਪਹਿਚਾਣ ਹੈ' ਸਿਧਾਂਤ ਕਿਸ ਦਾ ਹੈ?

(ਖ) ਪ੍ਰੋ ਪੂਰਨ ਸਿੰਘ ਦੀ ਵਾਰਤਕ ਰਚਨਾ ਦਾ ਕੀ ਨਾਂ ਹੈ?

(ਗ) ਸੁਖਮਨੀ ਸਾਹਿਬ ਕਿਸ ਦੀ ਰਚਨਾ ਹੈ?

(ਘ) ਦਮੋਦਰ ਨੇ ਕਿਹੜਾ ਕਿੱਸਾ ਲਿਖਿਆ?

(ਙ) ਗੁਰਮਤਿ ਕਾਵਿ ਦਾ ਮੋਢੀ ਕਵੀ ਕੌਣ ਹੈ?



www.mseducationtv.com

**11.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਸਿਖਿਆ ਉੱਤੇ ਅਧਾਰਿਤ ਕਹਾਣੀ ਲਿਖੋ : 5

(ੳ) ਸਹਿਜ ਪਕੇ ਸੋ ਮੀਠਾ ਹੋਏ

(ਅ) ਜੈਸੇ ਨੂੰ ਤੈਸਾ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਚੰਗੀਆਂ ਪੁਸਤਕਾਂ ਪੜ੍ਹਨ ਅਤੇ ਚੰਗੀਆਂ ਗੱਲਾਂ ਗ੍ਰਹਿਣ ਕਰਨ। ਜਿਹੜੇ ਵਿਦਿਆਰਥੀ ਚੰਗਾ ਸਾਹਿਤ ਪੜ੍ਹਦੇ ਹਨ ਉਹ ਆਰੰਭ ਵਿਚ ਹੀ ਚੰਗੀਆਂ ਆਦਤਾਂ ਅਪਣਾ ਲੈਂਦੇ ਹਨ, ਕਿਉਂਕਿ ਉਨ੍ਹਾਂ ਦੇ ਸਾਹਮਣੇ ਸੰਸਾਰ ਦੇ ਮਹਾਨ ਮੱਨੁਖਾਂ ਦੇ ਉੱਤਮ ਵਿਚਾਰ ਅਤੇ ਜੀਵਨ ਦੀਆਂ ਉਦਾਹਰਣਾਂ ਹੁੰਦੀਆਂ ਹਨ। ਉਂਝ ਵੀ ਜਿਨ੍ਹਾਂ ਵਿਦਿਆਰਥੀਆਂ ਦੇ ਸਾਹਮਣੇ ਅਗੇ ਵਧਣ ਅਤੇ ਚੰਗੇ ਮੱਨੁਖਾਂ ਦਾ ਆਦਰਸ਼ ਹੁੰਦਾ ਹੈ ਉਹ ਚੰਗੀਆਂ ਆਦਤਾਂ ਅਪਨਾਉਣ ਵਲ ਤਤਪਰ ਰਹਿੰਦੇ ਹਨ। ਉਹਨਾਂ ਨੂੰ ਪਤਾ ਹੁੰਦਾ ਹੈ ਕਿ ਸਫਲ ਮਨੁੱਖ ਬਣਨ ਵਿਚ ਚੰਗੀਆਂ ਆਦਤਾਂ ਹਮੇਸ਼ਾ ਸਹਾਈ ਹੁੰਦੀਆਂ ਹਨ।



www.mseducationtv.com

**CLASS : 12th (Sr. Secondary)** **Code No. 232**

**Series : SS/Annual-2023**

ਰੋਲ ਨੰ. | | | | | | | | | | |

***SET : D***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ* ***7*** *ਅਤੇ ਪ੍ਰਸ਼ਨ* ***12*** *ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ* ***ਕੋਡ ਨੰ.*** *ਅਤੇ* ***ਸੇਟ*** *ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ।* ***ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



www.mseducationtv.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸੰਝ ਹੋਈ ਪਰਛਾਵੇ ਛੁਪ ਗਏ, ਕਿਉਂ ਇੱਛਾਬਲ ਤੂੰ ਜਾਰੀ?

ਨੌਂ ਸਰੋਦ ਕਰ ਰਹੀ ਉਵੇਂ ਹੀ, ਤੇ ਟੁਰਨੋ ਬੀ ਨਾਹਿੰ ਹਾਰੀ।

ਸੈਲਾਨੀ ਤੇ ਪੰਛੀ ਮਾਲੀ, ਹਨ ਸਭ ਆਰਾਮ ਵਿਚ ਆਏ।

ਸਹਿਮ ਸਵਾਦਲਾ ਛਾ ਰਿਹਾ ਸਾਰੇ ਤੇ ਕੁਦਰਤ ਟਿਕ ਗਈ ਸਾਰੀ।

(ਅ) ਸੌ ਰੰਗਾਂ ਦੇ ਵਿਚੋਂ ਲੰਘ ਕੇ, ਫਿਰ ਵੀ ਬੇਰੰਗ ਰਹੀਏ।

ਜੋ ਕੋਈ ਬੁਲਬੁਲ ਹਾਕਾਂ ਮਾਰੇ, ਕੰਨ ਵਿਚ ਉਂਗਲਾਂ ਦੇਈਏ।

ਜੇ ਕੋਈ ਕੰਡਾ ਪੱਲਾ ਪਕੜੇ, ਛਡੀਏ ਤੇ ਨੱਸ ਪਈਏ।

ਦੇਹ ਹਵਾ ਦਾ ਜੀਵਨ ਸਾਨੂੰ, ਸਦਾ ਖੋਜ ਵਿਚ ਰਹੀਏ।

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਖੂਹ ਉੱਤੇ

(ਅ) ਅੰਨਦਾਤਾ

(ੲ) ਬਿਨਫਸ਼ਾਂ ਦਾ ਫੁੱਲ



www.mseducationtv.com

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਮੇਰਾ ਪਤਾ' ਕਵਿਤਾ ਅਨੁਸਾਰ ਕਵਿਤਰੀ ਦਾ ਘਰ ਕਿਥੇ ਹੈ? 2

(ਅ) ਚਿੜੀਆਂ ਦਾ ਚੰਬਾ ਕਵਿਤਾ ਵਿਚ ਅਣਵਿਆਹੀ ਕੁੜੀ ਮਾਪਿਆਂ ਦੇ ਘਰ ਕੀ-ਕੀ ਕੰਮ ਕਰਦੀ ਹੈ? 2

(ੲ) ਜੰਗਲ ਦੇ ਵਿਚ ਰਾਤ ਪਈ ਹੈ ਕਵਿਤਾ ਕਿਸ ਕਵੀ ਦੀ ਹੈ? 1

(i) ਸ. ਸ. ਮੀਸ਼ਾ

(ii) ਸੁਰਜੀਤ ਪਾਤਰ

(iii) ਸ਼ਿਵਕੁਮਾਰ ਬਟਾਲਵੀ

(iv) ਭਾਈ ਵੀਰ ਸਿੰਘ

(ਸ) ਖੂਹ ਉੱਤੇ ਵਸਦਾ ਪਿੰਡ ਕਿਹੋ ਜਿਹਾ ਦਿਸਦਾ ਹੈ? 1

(i) ਘਰ ਵਰਗਾ

(ii) ਸ਼ਹਿਰ ਵਰਗਾ

(iii) ਬਜਾਰ ਵਰਗਾ

(iv) ਮੰਡੀ ਵਰਗਾ

**4.** ਹੇਠ ਲਿਖੇ ਵਾਰਤਕ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾ ਵਿਚ ਲਿਖੋ : 7

(ੳ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸ਼ਟੀ

(ਅ) ਮਲਕ ਭਾਗੋ ਤੇ ਭਾਈ ਲਾਲੋ

(ੲ) ਸਭਿਅਤਾ ਦੇ ਦੋ ਪੱਧਰ



www.mseducationtv.com

**5.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) 'ਸ਼ੀਸੇ ਸਾਹਮਣੇ' ਲੇਖ ਵਿਚ ਲੇਖਕ ਦਾ ਬੱਚਿਆਂ ਅਤੇ ਨੌਜੁਵਾਨਾਂ ਪ੍ਰਤੀ ਕੀ ਰਵਈਆਂ ਹੈ? 3

(ਅ) ਕੌਮ ਲਈ ਕੁਰਬਾਨੀ ਕਿਸਨੇ ਦਿਤੀ? 2

(ੲ) ਏਵੀਆਂ ਦੇ ਚਸ਼ਮੇ ਬਾਰੇ ਤੁਸੀ ਕੀ ਜਾਣਦੇ ਹੋ? 2

(ਸ) 'ਘਰ ਵਿਚ ਹੀ ਗੁਰਿਆਈ' ਲੇਖ ਦਾ ਲੇਖਕ ਕੌਣ ਹੈ? 1

(i) ਪ੍ਰਿ: ਤੇਜਾ ਸਿੰਘ

(ii) ਭਾਈ ਵੀਰ ਸਿੰਘ

(iii) ਪੂਰਨ ਸਿੰਘ

(iv) ਪ੍ਰਿ: ਸਾਹਿਬ ਸਿੰਘ

**6.** 'ਸ਼ੋਭਾ-ਸ਼ਕਤੀ' ਨਾਟਕ ਵਿਚ ਕਿਸ ਸੱਮਸਿਆਂ ਨੂੰ ਪੇਸ਼ ਕੀਤਾ ਗਿਆ ਹੈ? 7

**ਜਾਂ**

'ਸ਼ੋਭਾ ਸ਼ਕਤੀ' ਨਾਟਕ ਦਾ ਉਦੇਸ਼ ਕੀ ਹੈ?

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) ਰਮੇਸ਼ ਅਤੇ ਸ਼ੋਭਾ ਦਾ ਝਗੜਾ ਕਿਉਂ ਹੁੰਦਾ ਹੈ? 3

(ਅ) ਦੂਜਾ ਨਾਟ ਕਦੋ ਤੇ ਕਿਸ ਰੁੱਤ ਵਿਚ ਵਾਪਰਦਾ ਹੈ? 2

(ੲ) ਸ਼ੋਭਾ ਦੇ ਮਾਤਾ-ਪਿਤਾ ਦਾ ਨਾਂ ਕੀ ਹੈ? 2



www.mseducationtv.com

(ਸ) ਰੇਖਾ ਸ਼ੋਭਾ ਦੀ ਕੀ ਲਗਦੀ ਹੈ? 1

(i) ਧੀ (ii) ਨੂੰਹ

(iii) ਮਾਂ (iv) ਨੌਕਰਾਣੀ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ

(ਅ) ਸ਼ੇਖ ਫਰੀਦ

**9.** ਹੇਠ ਲਿਖੇ ਪ੍ਰਸ਼ਨਾ ਦੇ ਸਹੀ ਉੱਤਰ ਚੁਣੋ :

(i) ਭਾਈ ਵੀਰ ਸਿੰਘ ਦਾ ਜਨਮ ਕਦੋਂ ਹੋਇਆ? 1

(ੳ) 1872 (ਅ) 1873

(ੲ) 1874 (ਸ) 1875

(ii) 'ਖੁੱਲ੍ਹੇ ਮੈਦਾਨ' ਕਾਵਿ ਸੰਗ੍ਰਹਿ ਕਿਸ ਦਾ ਹੈ? 1

(ੳ) ਪ੍ਰੋ. ਪੂਰਨ ਸਿੰਘ (ਅ) ਪ੍ਰੋ. ਮੋਹਨ ਸਿੰਘ

(ੲ) ਸੁਰਜੀਤ ਪਾਤਰ (ਸ) ਧਨੀ ਰਾਮ ਚਾਤ੍ਰਿਕ



www.mseducationtv.com

(iii) ਕਿੱਸਾ-ਕਾਵਿ ਦਾ ਮੋਢੀ ਕਵੀ ਕੌਣ ਹੈ? 1

(ੳ) ਵਾਰਸ ਸ਼ਾਹ

(ਅ) ਹਾਸ਼ਮ

(ੲ) ਦਮੋਦਰ

(ਸ) ਕਾਦਰਯਾਰ

**10.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਕਰਕੇ ਲਿਖੋ : $1 \times 10 = 10$

(ੳ) ਕਿਸ ਸੂਫੀ ਕਵੀ ਦੀ ਰਚਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?

(ਅ) ਕੌਮੀ ਕਵੀ ਕਿਸਨੂੰ ਕਿਹਾ ਜਾਂਦਾ ਹੈ?

(ੲ) ਆਈ. ਸੀ. ਨੰਦਾ ਦਾ ਜਨਮ ਕਦੋਂ ਹੋਇਆ?

(ਸ) ਅਜੀਤ ਕੌਰ ਨੂੰ ਕਿਸ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਹੋਈ?

(ਹ) ਗੁਰਬਖਸ਼ ਸਿੰਘ ਨੇ 1933 ਵਿਚ ਕਿਹੜਾ ਰਸਾਲਾ ਕਢਿਆ?

(ਕ) ਪ੍ਰਿ: ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਕੀ ਹੈ?

(ਖ) ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ?

(ਗ) 'ਕਾਗਜ ਤੇ ਕੈਨਵਸ' ਕਾਵਿ-ਸੰਗ੍ਰਹਿ ਕਿਸਦਾ ਹੈ?

(ਘ) ਬੁਲ੍ਹੇ ਸ਼ਾਹ ਦੇ ਗੁਰੂ ਦਾ ਕੀ ਨਾਂ ਹੈ?

(ਙ) ਡਾ੦ ਹਰਚਰਨ ਸਿੰਘ ਦਾ ਜਨਮ ਕਦੋਂ ਹੋਇਆ?



www.mseducationtv.com

**11.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਸਿਖਿਆ ਉੱਤੇ ਅਧਾਰਿਤ ਕਹਾਣੀ ਲਿਖੋ : 5

(ੳ) ਅੰਤ ਭਲੇ ਦਾ ਭਲਾ

(ਅ) ਈਮਾਨਦਾਰੀ ਚੰਗੀ ਨੀਤੀ ਹੈ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਕਿਸੇ ਦੇਸ਼ ਦੀ ਸਭਿਅਤਾ ਦੇਖਣੀ ਹੋਵੇ ਤਾਂ ਉਸਦੀ ਭਾਸ਼ਾ ਦੇਖੋ। ਜਿਥੇ ਭਾਸ਼ਾ ਨੂੰ ਪ੍ਰਫੁੱਲਤ ਹੋਣ ਦਾ ਮੌਕਾ ਨਹੀਂ ਮਿਲਿਆ ਉਥੇ ਸਭਿਅਤਾ ਵੀ ਨਹੀਂ ਨਿੱਖਰੀ। ਜਦੋਂ ਅਸੀਂ ਚਾਹੁੰਦੇ ਹਾਂ ਕਿ ਸਾਡੀ ਸਭਿਅਤਾ ਅਜਿਹੀ ਹੋਵੇ ਕਿ ਅਸੀਂ ਉਸ ਤੇ ਮਾਣ ਕਰੀਏ, ਸਾਡਾ ਸਿਰ ਉੱਚਾ ਹੋਵੇ ਅਤੇ ਦੁਨੀਆਂ ਸਾਡੀ ਸਭਿਅਤਾ ਦੀ ਕਦਰ ਕਰੇ ਤਾਂ ਸਾਨੂੰ ਆਪਣੀ ਭਾਸ਼ਾ ਨੂੰ ਉੱਨਤ ਕਰਨਾ ਚਾਹੀਦਾ ਹੈ। ਕਹਿੰਦੇ ਹਨ ਆਦਮੀ ਚਾਰ ਗਲਾਂ ਤੋਂ ਪਹਿਚਾਣਿਆ ਜਾਂਦਾ ਹੈ, ਕਿਤਾਬਾਂ ਤੋਂ ਕਿ ਉਹ ਕਿਹੜੀ ਕਿਤਾਬ ਪੜ੍ਹਦਾ ਹੈ, ਦੋਸਤਾਂ ਤੋ ਕਿ ਉਸਦੇ ਦੋਸਤ ਕਿਹੋ ਜਿਹੇ ਹਨ, ਬੋਲ-ਚਾਲ ਤੋਂ ਅਤੇ ਖਾਣ-ਪੀਣ ਤੋਂ ਹੁਣ ਇਹਨਾਂ ਵਿਚੋ ਬੋਲ ਚਾਲ ਤੇ ਕਿਤਾਬਾਂ ਅਜਿਹੀਆਂ ਹਨ ਜਿਨ੍ਹਾਂ ਦਾ ਸੰਬੰਧ ਭਾਸ਼ਾ ਨਾਲ ਹੈ।



www.mseducationtv.com